# ਵਡਿਆਂ ਦੀ ਸੇਵਾ

**ਜੀਵਨ ਸੋਧਾਂ !!**

- *ਵਡਿਆਂ ਦੀ ਸੇਵਾ ਬਾਰੇ ਵਿਚਾਰ ।*
- *ਵਡਿਆਂ ਦੀ ਸੇਵਾ ਦੇ ਕੁਝ ਤਰੀਕੇ।*
- *ਮਨੁਖ ਦੇ ਫਰਜ਼ ਅਤੇ ਵਡਿਆਂ ਦੀ ਦੇਖ-ਰੇਖ।*
- *ਗੁਰਬਾਣੀ ਦੀ ਰੋਸ਼ਨੀ ਵਿਚ ਮਾਪਿਆਂ ਦਾ ਸਥਾਨ ਅਤੇ ਸੇਵਾ।*

ਇਸ ਰਸਾਲੇ ਵਿਚ



| ਵਿਸ਼ਾ | ਪੰਨਾ |
|---|---|
| ਵਡਿਆਂ ਪ੍ਰਤੀ ਫਰਜ਼ | ੧,੨ |
| ਮਾਂ ਦੀ ਕੁਰਬਾਨੀ ਨੂੰ ਕਿਉ | ੧,੨ |
| ਕੁਝ ਸੋਹਣੇ ਅਸੂਲ!! | ੩ |
| ਗੁਰਸਿਖ ਦੇ ਕਿਸੇ ਇਕ ਦਿਨ ਦੇ ਵੇਰਵੇ ਦਾ ਨਮੂਨਾਂ | ੩ |
| ਸਤਿਕਾਰ | ੩ |
| ਭਾਈ ਗੁਰਦਾਸ ਜੀ ਦੀਆਂ ਵਾਰਾਂ | ੪ |
| ਕੁਝ ਹੋਰ ਨੁਕਤੇ | ੪ |



## ਵਡਿਆਂ ਪ੍ਰਤੀ ਫਰਜ਼

ਘਰ ਵਿਚ ਵਡਿਆਂ ਦੀ ਛੱਤਰ-ਛਾਇਆਂ ਪ੍ਰਮਾਤਮਾ ਦੀ ਬਖਸ਼ਿਸ਼ ਦਾ ਪ੍ਰਤੀਕ ਹੈ। ਵਡਿਆਂ ਦੀ ਸਰਪਰਸਤੀ ਮਨੁਖੀ ਜੀਵਨ ਵਿਚ ਇਕ ਅਹਿਮ ਭੂਮਿਕਾ ਨਿਭਾਉਦੀ ਹੈ । ਵਡਿਆਂ ਦੀ ਦ੍ਰਿਸ਼ਟੀ ਪਰਵਾਰ ਦੀ ਸਰਬ-ਪੱਖੀ ਪ੍ਰਫੁਲਤਾ ਵਾਸਤੇ ਬੜੀ ਕਲਿਆਨਕਾਰੀ ਮੰਨੀ ਗਈ ਹੈ । ਮਾਪੇ ਆਪਣੇ ਪਰਿਵਾਰ ਨੂੰ ਸਦਾ ਹੀ ਠੰਡੀਆਂ ਛਾਵਾਂ ਹੇਠ ਰਖਦੇ ਹਨ । ਤਤੀਆਂ ਹਵਾਵਾਂ ਤੋਂ ਬਚਾਉਣ ਵਾਲੇ ਸਿਰਫ ਤੇ ਸਿਰਫ ਸਾਡੇ ਆ-ਪਣੇ ਵਡੇ ਜਾਂ ਮਾਪੇ ਹੀ ਹਨ।

ਬਚੇ ਦੇ ਜਨਮ ਤੋਂ ਲੈ ਕੇ ਉਸ ਦੀ ਜਵਾਨੀ ਜਾਂ ਵਡੀ ਉਮਰ ਤੱਕ ਸਾਥ ਦੇਣ ਵਾਲੇ ਹੋਰ ਕੋਈ ਨਹੀ, ਮਾਪੇ ਹੀ ਹੁੰਦੇ ਹਨ। ਮੰਨਿਆਂ ਕਿ ਦੁਨੀਆਂ ਵਿਚ ਹੋਰ ਬੜੇ ਰਿਸ਼ਤੇ ਹੁੰਦੇ ਹਨ ਪਰ ਮਾਂ-ਪਿਉ ਦਾ ਰਿਸ਼ਤਾ ਇਨ੍ਹਾਂ ਸਾਰਿਆਂ ਰਿਸ਼ਤਿਆ ਤੋਂ ਸਿਰਮੋਰ ਹੈ। ਬਚੇ ਦਾ ਮੁੱਢਲਾ ਰਿਸ਼ਤਾ ਆਪਣੇ ਮਾਂ-ਪਿਉ ਨਾਲ ਹੀ ਹੁੰਦਾ ਹੈ ਜੋ ਉਸ ਦੇ ਜੀਵਨ ਦੀ ਉਸਾਰੀ ਵਿਚ ਨੀਹਾਂ ਦਾ ਕੰਮ ਦਿੰਦਾ ਹੈ। ਮਨੁਖ ਆਪਣੇ ਜ਼ਿੰਦਗੀ ਵਿਚ ਜਿਥੇ ਵੀ ਹੈ, ਉਹ ਆਪਣਿਆ ਵ-ਡਿਆਂ ਕਰਕੇ ਹੀ ਉਥੇ ਪਹੁੰਚਿਆ ਹੈ।

ਵਡਿਆਂ ਦੀਆਂ ਉਪਰੋਕਤ ਭਾਵਨਾਵਾਂ ਬਚੇ ਪ੍ਰਤੀ ਬਿਨਾਂ ਕਿਸੇ ਸ਼ਰਤ ਯਾਂ ਲਾਲਸਾ ਦੇ, ਉਪਜੀਆਂ ਹੁੰਦੀਆਂ ਹਨ। ਕੀ ਸਾਡੇ ਵੀ ਕੁਝ ਫਰਜ਼ ਹਨ ਆਪਣੇ ਵਡਿਆਂ ਪ੍ਰਤੀ? ਵਡਿਆਂ ਦੀ ਇਤਨੀਆਂ ਦੇਣਾਂ ਦਾ ਕਰਜ਼ ਅਸੀ ਨਾਮ-ਮਾਤਰ ਹੀ ਉਤਾਰ ਦੇਈਏ ਤਾਂ ਬਹੁਤ ਵਡਾ ਫਰਜ਼ ਅਤੇ ਉਨ੍ਹਾਂ ਪ੍ਰਤੀ ਭਾਵਨਾਵਾਂ ਪ੍ਰਗਟ ਕਰਨ ਦਾ ਮੌਕਾ ਪ੍ਰਾਪਤ ਕਰ ਰਹੇ ਹੋਵਾਂਗੇ। ਇਸ ਮੌਕੇ ਦਾ ਮਾਧਿਅਮ ਸਾਡੇ ਬਚਨਾਂ ਕਰਕੇ, ਸਾਡੇ ਮਨ ਕਰਕੇ, ਭਾਵਨਾਂ ਸਹਿਤ ਸੇਵਾ ਕਰਕੇ, ਉਨ੍ਹਾਂ ਨਾਲ ਮਿਲ ਬੈਠਣ ਦੇ ਜ਼ਰੀਏ ਬਣਦਾ ਹੈ । ਵਡਿਆਂ ਨਾਲ ਸਮਾਂ ਬਿਤਾਉਣਾਂ, ਉਨ੍ਹਾਂ ਦਾ ਹਾਲ ਪੁਛਣਾ, ਉਨ੍ਹਾਂ ਦੀ ਜ਼ਰੂਰਤਾਂ ਬਾਰੇ ਜਾਣਕਾਰੀ ਰਖਣੀ, ਉਨ੍ਹਾਂ ਦੀਆਂ ਰੁਚੀਆਂ ਬਾਰੇ ਧਿਆਨ ਰਖਣਾਂ ਬਚਿਆਂ ਦਾ ਫਰਜ਼ ਹੈ। ਵ-ਡਿਆਂ ਦੀ ਖੁਸ਼ੀ ਪ੍ਰਾਪਤ ਕਰਣ ਵਾਸਤੇ ਸਾਨੂੰ ਆਪਣੇ ਦਿਨ ਦਾ ਕੁਝ ਸਮਾਂ ਉਨ੍ਹਾਂ ਕੋਲ ਜ਼ਰੂਰ ਬੈਠਣਾ ਚਾਹੀਦਾ ਹੈ । ਖੁਸ਼ਕਿਸਮਤ ਹਨ ਉਹ ਲੋਕ ਜਿਹੜੇ ਆਪਣਿਆਂ ਵਡਿਆਂ ਦਾ ਸਤਿਕਾਰ ਕਰਦੇ ਹਨ ਅਤੇ ਉਨ੍ਹਾਂ ਕੋਲ ਸਮਾਂ ਬਿਤਾਉਂਦੇ ਹਨ ।

(ਚਲਦਾ ਸਫਾ ੨ ਤੇ...)

## ਮਾਂ ਦੀ ਕੁਰਬਾਨੀ ਨੂੰ ਕਿਉਂ ਭੁੱਲ ਰਹੇ ਹੋ?

ਮਾਂ ਦੇਵੀ ਤੋਂ ਵੀ ਮਹਾਨ ਹੈ,ਕਿਉਂਕਿ ਦੇਵੀ ਤਾਂ ਸਿਰਫ ਅਸ਼ੀਰਵਾਦ ਦਿੰਦੀ ਹੈ ਪਰ ਮਾਂ ਇਕ ਲੰਬੀ ਤੇ ਦੁਖਦਾਇਕ ਸਿਰਜਣਾਤਮਕ ਕਿਰਿਆ ਵਿਚੋਂ ਗੁਜਰਕੇ ਬੱਚੇ ਨੂੰ ਜੀਵਨਦਾਨ ਦਿੰਦੀ ਹੈ। ਉਸ ਤੋਂ ਬਾਅਦ ਆਪਣੇ ਸਾਰੇ ਦੁੱਖ ਦਰਦ ਭੁੱਲ ਕੇ ਉਸਦੀ ਪਾਲਣਾ ਵਿਚ ਆ-ਪਣੀ ਜਿੰਦ ਜਾਨ ਲਗਾ ਦਿੰਦੀ ਹੈ । ਅਜ ਅਸੀ ਸਾਰੇ ਖਾਸ ਕਰਕੇ ਅਜੋਕੀ ਨੌਜੁਆਨ ਪੀੜੀ ਕਿੰਨਾਂ ਕੁ ਮਾਂ ਦੀਆਂ ਕੁਰਬਾਨੀਆਂ ਦਾ ਮੁੱਲ ਤਾਰਦੇ ਹਾਂ।

ਨੌਜੁਆਨੋਂ ਅੱਜ ਵੀ ਸਮਝੋ ਕਿ ਕਿਸੇ ਵੀ ਮੰਦਰ, ਮਸਜਿਦ ਜਾਂ ਗੁਰ-ਦੁਆਰੇ ਜਾ ਕੇ ਤੁਸੀ ਉਹ ਸੁੱਖ ਨਹੀਂ ਹਾਸਲ ਕਰ ਸਕਦੇ, ਜੋ ਮਾਂ ਦੀ ਸੇਵਾ ਕਰਕੇ ਉਨ੍ਹਾਂ ਦੇ ਅੰਦਰੋਂ ਨਿਕਲੀਆਂ ਅਸੀਸਾਂ ਤੋਂ ਮਿਲਦਾ ਹੈ। ਮਾਪਿਆਂ ਦੀ ਸੇਵਾ ਕਰਕੇ ਤੁਸੀ ਆਪਣਾ ਜਨਮ ਸਫਲਾ ਕਰ ਸਕਦੇ ਹੋ।

(ਚਲਦਾ ਸਫਾ ੨ ਤੇ...)



**ਵਡਿਆਂ ਕੋਲ ਆਪਣੇ ਦਿਨ ਦਾ ਕੁਝ ਸਮਾਂ ਜ਼ਰੂਰ ਬਿਤਾਓ।**

**ਵਡਿਆਂ ਨੂੰ "ਜੀ" ਕਹਿਕੇ ਬੁਲਾਉਣਾਂ ਚਾਹੀਦਾ ਹੈ। ਇਸ ਨਾਲ ਵਡਿਆਂ ਦੇ ਮਨ ਵਿਚ ਅਸੀਸਾਂ ਭਰੇ ਖਿਆਲ ਬਹੁਲਤਾ ਵਿਚ ਨਿਕਲਦੇ ਹਨ।**

*(ਸਫਾ ੧ ਦੀ ਬਾਕੀ...)* ਮਾਤਾ-ਪਿਤਾ ਦਾ ਅਤੇ ਘਰ ਵਿਚ ਵਡਿਆਂ (ਦਾਦਾ ਦਾਦੀ ਜੀ, ਨਾਨਾ ਨਾਨੀ ਜੀ ਯਾਂ ਕੋਈ ਹੋਰ ਵਡੇ) ਦਾ ਸਤਿਕਾਰ ਪ੍ਰਮਾਤਮਾਂ ਦੀ ਬਖਸ਼ਿਸ਼ ਦਾ ਪ੍ਰਤੀਕ ਹੈ। ਵਡਿਆਂ ਦਾ ਸਤਿਕਾਰ ਬੋਲੀ ਅਤੇ ਕਰਮਾਂ ਕਰਕੇ ਕਰੀਦਾ ਹੈ। ਉਦਾਹਰਣ ਦੇ ਤੌਰ ਤੇ ਵਡਿਆਂ ਨੂੰ "ਜੀ" ਕਹਿਕੇ ਬੁਲਾਉਣਾਂ ਚਾਹੀਦਾ ਹੈ। ਇਸ ਨਾਲ ਵਡਿਆਂ ਦੇ ਮਨ ਵਿਚ ਅਸੀਸਾਂ ਭਰੇ ਖਿਆਲ ਬਹੁਲਤਾ ਵਿਚ ਨਿਕਲਦੇ ਹਨ। ਬਚਿਆਂ ਦੇ ਮਨਾਂ ਨੂੰ ਵੀ ਸੰਤੁਸ਼ਟੀ ਮਿਲਦੀ ਹੈ। ਹਰ ਗਲ ਵਿਚ ਵਧ ਤੋਂ ਵਧ "ਜੀ " ਲਫਜ਼ ਦੇ ਪ੍ਰਯੋਗ ਨਾਲ ਸਤਿਕਾਰ ਵਾਲੀ ਬੋਲੀ ਬਣ ਜਾਂਦੀ ਹੈ। ਇਹਨਾਂ ਬਚਨਾਂ ਨੂੰ ਬੋਲਿਆਂ ਤੇ ਸੁਣਿਆਂ ਘਰ ਦਾ ਵਾਤਾਵਰਣ ਹਰਿਆ-ਭਰਿਆ ਭਾਵ ਖੇੜੇ ਵਾਲਾ ਬਣਿਆਂ ਰਹਿੰਦਾ ਹੈ।

ਅਜੋਕੇ ਸਮਾਜ ਵਿਚ ਮਨੁਖੀ ਕਦਰ-ਕੀਮਤਾਂ ਦੀ ਅਣਹੋਂਦ ਜਾਂ ਘਾਟ ਦੇਖੀ ਜਾਂਦੀ ਹੈ। ਪੈਸੇ ਕਮਾਉਣ ਦੇ ਸਿਲਸਿਲੇ ਵਿਚ ਮਨੁੱਖ ਅਜਿਹਾ ਗਲਤਾਨ ਹੋਇਆ ਹੈ ਕਿ ਮਾਂ-ਪਿਉ ਪ੍ਰਤੀ ਫਰਜ਼ ਨਿਭਾਉਣ ਦੀ ਗਲ ਤਾਂ ਦੂਰ ਰਹੀ, ਇਸ ਨੂੰ ਉਨ੍ਹਾਂ ਦੀਆਂ ਆਮ ਲੋੜਾਂ ਬਾਰੇ ਵੀ ਪੂਰਾ ਗਿਆਨ ਨਹੀ। ਯਾਦ ਰਹੇ ਕਿ ਜੋ ਅਸੀ ਅੱਜ ਆਪਣੇ ਮਾਤਾ-ਪਿਤਾ ਲਈ ਕਰ ਰਹੇ ਹਾਂ (ਜਾਂ ਨਹੀ ਕਰ ਰਹੇ)- ਸਾਡੇ ਬਚਿਆ ਦਾ ਮਨ ਸਾਡੀਆਂ ਉਨ੍ਹਾਂ ਕਿਰਿਆਵਾਂ ਅਤੇ ਜੀਵਨ-ਜਾਚ ਨੂੰ ਗ੍ਰਹਿਣ ਕਰ ਰਿਹਾ ਹੈ। ਇਹ ਸਭ ਸਮਾਂ ਪਾ ਕੇ ਬਚਿਆਂ ਦੇ ਜੀਵਨ ਵਿਚ ਪ੍ਰਗਟ ਰੂਪ ਵਿਚ ਉਭਰੇਗਾ ਅਤੇ ਜਿਸ ਤਰਾਂ ਦੀ ਭੂਮਿਕਾ ਅਸੀ ਨਿਭਾਈ ਹੈ ਉਸੇ ਨਮੂਨੇ ਦਾ ਜੀਵਨ ਵਤੀਰਾ ਸਾਡੇ ਅਤੇ ਸਾਡੇ ਬਚਿਆਂ ਵਿਚਕਾਰ ਹੋ ਵਰਤੇਗਾ।

ਵੇਖਣ ਵਿਚ ਆਉਂਦਾ ਹੈ ਕਿ ਕਈ ਲੋਕਾਂ ਦਾ ਆਪਣੇ ਵਡਿਆਂ ਪ੍ਰਤੀ ਬੋਲਣ ਦੇ ਢੰਗ ਵਿਚ ਸਤਿਕਾਰ ਨਹੀ ਹੁੰਦਾ। ਇਹ ਗਲ ਅਸ਼ੁਭ ਹੈ। ਮੰਦੇ ਭਾਗਾਂ ਅਤੇ ਬੇ-ਕਿਸਮਤੀ ਦਾ ਸਬੂਤ ਤੇ ਨਿਸ਼ਾਨੀ ਹਨ। ਸਾਨੂੰ ਇਸ ਗਲ ਦੀ ਚੰਗੀ ਤਰਾਂ ਰੌਸ਼ਨੀ ਹੋਣੀ ਚਾਹੀਦੀ ਹੈ ਕਿ ਅੱਜ ਅਸੀ ਜਿਥੇ ਵੀ ਹਾਂ ਵਡਿਆਂ ਦੇ ਕਰਕੇ ਹੀ ਹਾਂ।

ਆਉ ਜ਼ਰਾ ਵੀਚਾਰੀਏ ਕਬੀਰ ਸਾਹਿਬ ਜੀ ਦੇ ਇਹ ਬਚਨ:

ਜੀਵਤ ਪਿਤਰ ਨ ਮਾਨੈ ਕੋਊ
ਮੂਏਂ ਸਿਰਾਧ ਕਰਾਹੀ ॥ (ਪੰਨਾ ੩੩੨)

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਆਪਣੇ ਲੜਕੇ ਪ੍ਰਿਥੀਚੰਦ ਜੀ ਪ੍ਰਤੀ ਇਹ ਸਿਖਿਆ:

ਜਿਨ ਕੇ ਜਣੇ ਬਡੀਰੇ ਤੁਮ ਹਉ
ਤਿਨ ਸਿਉ ਝਗਰਤ ਪਾਪ ॥੧॥
ਰਹਾਉ ॥ (ਪੰਨਾ ੧੨੦੦)

ਤੋਂ ਸਾਨੂੰ ਇਹ ਉਚੀ ਸਿਖਿਆ ਮਿਲ ਰਹੀ ਹੈ ਕਿ ਸਾਨੂੰ ਵਡਿਆ ਦੀ ਆਗਿਆ ਦਾ ਪਾਲਣ ਕਰਨਾਂ ਚਾਹੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਉਪਰੋਕਤ ਲਿਖੀਆਂ ਸਿਖਿਆਵਾਂ ਸਾਡੇ ਵਾਸਤੇ ਚਾਨਣ-ਮੁਨਾਰਾ ਹਨ।

## *(ਸਫਾ ੧ ਦੀ ਬਾਕੀ...)* ਮਾਂ ਦੀ ਕੁਰਬਾਨੀ ਨੂੰ ਕਿਉਂ ਭੁੱਲ ਰਹੇ ਹੋ?

ਮਾਵਾਂ ਤਾਂ ਪਰਵਾਰ ਰੂਪੀ ਬੂਟੇ ਦੀਆਂ ਜੜ੍ਹਾਂ ਹੁੰਦੀਆਂ ਹਨ। ਮਾਵਾਂ ਦੀ ਖੁਸ਼ਹਾਲੀ ਹੀ ਬਚਿਆਂ ਨੂੰ ਖੁਸ਼ੀਆਂ ਦੇ ਸਕਦੀ ਹੈ।

ਮਾਂ ਦੀਆਂ ਹਜ਼ਾਰਾਂ ਕੁਰਬਾਨੀਆਂ ਹੇਠ ਦੱਬੇ ਹੋਏ ਅਸੀਂ ਅੱਜ ਵੀ ਜਾਗ ਪਈਏ। ਮਾਂ ਦੀਆਂ ਕੁਰਬਾਨੀਆਂ ਦਾ ਥੋੜ੍ਹਾ ਬਹੁਤ ਮੁੱਲ ਵੀ ਚੁੱਕਾ ਦਈਏ ਤਾਂ ਮਾਂ ਦਾ ਬੁਢੇਪਾ ਸੌਖਾ ਲੰਘ ਸਕਦਾ ਹੈ।

ਮੇਰੀ ਸਭ ਅੱਗੇ ਬੇਨਤੀ ਹੈ ਕਿ ਮਾਂ ਦੀਆਂ ਕੁਰਬਾਨੀਆਂ ਨੂੰ ਧਿਆਨ ਵਿਚ ਰਖਦੇ ਹੋਏ ਮਾਵਾਂ ਨੂੰ ਢੁੱਕਵਾਂ ਪਿਆਰ ਅਤੇ ਸਤਿਕਾਰ ਦਿਓ।

*ਧੰਨਵਾਦ ਸਹਿਤ: ਰਜਿੰਦਰ ਕੌਰ ਜੀ ਅਤੇ ਪੰਜਾਬੀ ਟ੍ਰਿਬਿਊਨ, ਸਰੀ, ਕੈਨੇਡਾ*





# ਕੁਝ ਸੋਹਣੇ ਅਸੂਲ !!

੧) ਵਡਿਆਂ ਕੋਲ ਆਪਣੇ ਦਿਨ ਦਾ ਕੁਝ ਸਮਾਂ ਜ਼ਰੂਰ ਬਿਤਾਓ।

੨) ਵਡਿਆਂ ਕੋਲੋਂ ਉਨ੍ਹਾਂ ਦੇ ਜੀਵਨ ਬਾਰੇ ਗਲਾਂ ਸੁਣੋ।

੩) ਵਡਿਆਂ ਦਾ ਸਤਿਕਾਰ ਹਮੇਸ਼ਾ ਕਰੋ। ਵੱਧ ਤੋਂ ਵੱਧ 'ਜੀ' ਲਫਜ਼ ਵਰਤੋ।

੪) ਜਦੋਂ ਵੱਡੇ ਕਿਧਰੇ ਮਿਲਣ ਤਾਂ ਉਨ੍ਹਾਂ ਨੂੰ ਜ਼ਰੂਰ ਜਾ ਕੇ ਬੁਲਾਓ ਅਤੇ ਹਾਲ-ਚਾਲ ਪੁਛੋ।

੫) ਉਨ੍ਹਾਂ ਦੀਆਂ ਜ਼ਰੂਰਤਾਂ ਬਾਰੇ ਜਾਣਕਾਰੀ ਰੱਖੋ। ਇਹ ਕੁਝ ਵੀ ਹੋ ਸਕਦੀਆਂ ਹਨ।

੬) ਵਡਿਆਂ ਦਾ ਆਦਰ ਰਖਣ ਨਾਲ ਬਹੁਤ ਬਖਸ਼ਿਸ਼ ਮਿਲਦੀ ਹੈ।

੭) ਵਡਿਆਂ ਦੀ ਸੇਵਾ ਲਈ ਸਦਾ ਤੱਤਪਰ ਰਹੋ।

੮) ਅੱਜ ਕੱਲ ਦੇ ਜ਼ਮਾਨੇ ਵਿਚ ਵਡਿਆਂ ਨੂੰ ਸੜਕ ਪਾਰ ਕਰਵਾਉਣੀ, ਦੁਕਾਨਾਂ ਵਿਚ ਖਰੀਦ ਲਈ ਲੈ ਜਾਣਾਂ, ਡਾਕਟਰ ਕੋਲ ਲੈ ਜਾਣਾਂ ਵੱਡੇ ਪੁੰਨ ਹਨ।

੯) ਆਪਣੇ ਬਚਿਆਂ ਨਾਲ ਵੀ ਇਨ੍ਹਾਂ ਗੁਣਾਂ ਦੀ ਸਾਂਝ ਪਾਓ ਅਤੇ ਉਨ੍ਹਾਂ ਨੂੰ ਵੀ ਇਨ੍ਹਾਂ ਗੁਣਾਂ ਤੇ ਚਲਣ ਬਾਰੇ ਪ੍ਰੇਰੋ।

੧੦) ਮਾਪਿਆਂ ਦੀ ਕਮਾਈ ਦਾ ਹੱਕ ਉਨ੍ਹਾ ਦਾ ਹੈ। ਜ਼ੋਰ ਨਾਲ ਉਨ੍ਹਾ ਦਾ ਹੱਕ ਲੈਣ ਨਾਲ ਉਨ੍ਹਾਂ ਦੀਆਂ ਬਦ-ਅਸੀਸਾਂ ਦੇ ਪਾਤਰ ਨਾਂ ਬਣੋ।

*ਯਾਦ ਰਖੋ: ਵਡਿਆਂ ਨਾਲ ਸਮਾਂ ਬਿਤਾਉਂਣਾ, ਮਿਲ ਬੈਠਣਾ, ਉਨ੍ਹਾਂ ਦਾ ਹਾਲ ਪੁਛਣਾ, ਆਦਿ ਬੜੀਆਂ ਉਤਮ ਗੱਲਾਂ ਹਨ।*

## ਗੁਰਸਿਖ ਦੇ ਕਿਸੇ ਇਕ ਦਿਨ ਦੇ ਵੇਰਵੇ ਦਾ ਇਕ ਨਮੂਨਾਂ।

### ਅਜ ਦਾ ਵੇਰਵਾ !

- ਸਮੇਂ ਸਿਰ ਉਠਣਾ, ਇਸ਼ਨਾਨ ਕਰਨਾਂ, ਨਿਤਨੇਮ ਕਰਨਾਂ ।
- ਕੰਮ ਤੇ ਜਾਣਾ, ਪ੍ਰੇਮ ਨਾਲ, ਮਿਲਕੇ, ਕਿਰਤ ਕਰਨੀ ।
- ਸ਼ਾਮ ਨੂੰ ਮਾਤਾ ਪਿਤਾ ਤੇ ਬਚਿਆਂ ਨਾਲ ਬੈਠਕੇ ਗਲਬਾਤ ਕਰਨੀ ।
- ਬਚਿਆਂ ਨਾਲ ਖੇਡਣਾ, ਸਕੂਲ ਦਾ ਕੰਮ ਵੇਖਣਾ / ਮਦਦ ਕਰਨੀ ।
- ਗੁਰਦੁਆਰਾ ਸਾਹਿਬ ਦਰਸ਼ਨਾਂ ਵਾਸਤੇ ਜਾਣਾਂ ।
- ਰਾਤ ਦਾ ਖਾਣਾ ਮਿਲਕੇ ਖਾਣਾਂ ਤੇ ਫੇਰ ਮਾਪਿਆਂ ਨਾਲ ਬੈਠਣਾ, ਗਲ-ਬਾਤ ਕਰਨੀ ਆਦਿ।
- ਮਿਲ ਕੇ ਹਸਣਾਂ-ਖੇਡਣਾਂ !! ਸਮੇਂ ਸਿਰ ਬਿਸਰਾਮ ।

*ਯਾਦ ਰਖੋ: ਵਡਿਆਂ ਕੋਲ ਆਪਣੇ ਦਿਨ ਦਾ ਕੁਝ ਸਮਾਂ ਜ਼ਰੂਰ ਬਿਤਾਓ।*

## ਸਤਿਕਾਰ !!

ਸਾਡੀ ਸਭਿਅਤਾ ਦੀ ਇਕ ਅਹਿਮ ਤੇ ਮੁਢਲੀ ਪਰੰਪਰਾ ਹੈ ਆਪਸੀ ਸਤਿਕਾਰ ਦੀ। ਇਸ ਸਤਿਕਾਰ ਤੋਂ ਉਪਜੀ ਖੁਸ਼ੀ ਅਤੇ ਖੇੜਾ ਹੀ ਸਾਨੂੰ ਅਗੇ ਲੈ ਕੇ ਜਾਂਦੇ ਹਨ। ਇਹ ਸਾਡੇ ਮਨ ਵਾਸਤੇ ਬਹੁਤ ਮਹਤੱਵਪੂਰਨ ਅਤੇ ਜ਼ਰੂਰੀ ਹਨ। ਸਤਿਕਾਰ ਹੀ ਇਕ ਐਸੀ ਸ਼ੈ ਹੈ ਜੋ ਸਾਨੂੰ ਏਕਤਾ ਦੀ ਮਾਲਾ ਵਿਚ ਪਰੋਈ ਰੱਖਦੀ ਹੈ। ਇਹ ਹੀ ਜੋੜਨ ਦਾ ਕੰਮ ਕਰਦੀ ਹੈ। ਸਤਿਕਾਰ ਕਰਨਾਂ ਸਾਡਾ ਜ਼ਰੂਰੀ ਫਰਜ਼ ਹੈ। ਸਾਨੂੰ ਵਡਿਆਂ ਦਾ ਸਤਿਕਾਰ ਕਰਨਾਂ ਚਾਹੀਦਾ ਹੈ।

## ਇਕ ਅਰਦਾਸ

ਹਥ ਜੋੜ ਕਰਾਂ ਅਰਦਾਸ
ਵਾਹਿਗੁਰੂ ਬਖਸ਼ੀਂ ਮੈਨੂੰ ਪਾਠ।
ਤੈਨੂੰ ਆਪਣਾ ਸੀਸ ਨਿਵਾਵਾਂ
ਤੇਰੇ ਤੋਂ ਮੈਂ ਸਦਕੇ ਜਾਂਵਾਂ।
ਤੇਰੇ ਉਤੇ ਆਸ ਹੈ ਲਾਈ
ਤੂੰ ਸਭਨਾਂ ਦੀ ਕਰੇਂਗਾ ਭਲਾਈ।

# ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਕੁਝ ਪਉੜੀਆਂ।

## (ਵਾਰ ੩੪ਵੀਂ)

ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦੁ ਨ ਜਾਣੈ ਕਥਾ ਕਹਾਣੀ॥
ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ॥
ਮਾਂ ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨ ਸੇਵ ਕਮਾਣੀ॥
ਮਾਂ ਪਿਉ ਪਰਹਰਿ ਨ੍ਹਾਵਣਾ ਅਠਸਠਿ ਤੀਰਥ ਘੁੰਮਣ ਵਾਣੀ॥
ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ॥
ਮਾਂ ਪਿਉ ਪਰਹਰਿ ਵਰਤ ਕਰਿ ਮਰਿ ਜੰਮੈ ਭਰਮਿ ਭੁਲਾਣੀ॥
ਗੁਰੁ ਪਰਮੇਸਰੁ ਸਾਰੁ ਨ ਜਾਣੀ ॥

ਕਾਮਣਿ ਕਾਮਣਿਆਰੀਐ ਕੀਤੋ ਕਾਮਣੁ ਕੰਤ ਪਿਆਰੇ॥
ਜੰਮੇ ਸਾਂਈ ਵਿਸਾਰਿਆ ਵੀਵਾਹਿਆਂ ਮਾਂ ਪਿਅ ਵਿਸਾਰੇ॥
ਸੁਖਾਂ ਸੁਖਿ ਵਿਵਾਹਿਆ ਸਉਣੁ ਸੰਜੋਗੁ ਵਿਚਾਰਿ ਵਿਚਾਰੇ॥
ਪੁਤ ਨੂਹੈਂ ਦਾ ਮੇਲੁ ਵੇਖਿ ਅੰਗ ਨਾ ਮਾਥਨਿ ਮਾਂ ਪਿਉ ਵਾਰੇ॥
ਨੂੰਹ ਨਿਤ ਮੰਤ ਕੁਮੰਤ ਦੇਇ ਮਾਂ ਪਿਉ ਛਡਿ ਵਡੇ ਹਤਿਆਰੇ॥
ਵਖ ਹੋਵੈ ਪੁਤੁ ਰੰਨਿ ਲੈ ਮਾਂ ਪਿਉ ਦੇ ਉਪਕਾਰੁ ਵਿਸਾਰੇ॥
ਲੋਕਾਚਾਰਿ ਹੋਇ ਵਡੇ ਕੁਚਾਰੇ ॥

## ਕੁਝ ਹੋਰ ਨੁਕਤੇ

# ਵਡਿਆਂ ਨਾਲ ਸਮਾਂ ਬਿਤਾਉਂਣ ਨਾਲ ਅਸੀ ਉਨ੍ਹਾਂ ਦੇ ਪਿਆਰ ਦੇ ਪਾਤਰ ਬਣਦੇ ਹਾਂ।

# ਵਡਿਆਂ ਨੂੰ ਸਮੇਂ ਦਾ ਤੋਹਫਾ ਦੇਣਾ ਬਹੁਤ ਚੰਗੀ ਗਲ ਹੈ।

# ਵਡਿਆਂ ਦੀ ਸਰੀਰਕ ਲੋੜਾਂ ਦਾ ਖਿਆਲ ਰਖਣਾ ਬਹੁਤ ਜ਼ਰੂਰੀ ਹੈ।

# ਵਡਿਆਂ ਦੀ ਸੇਵਾ ਵਿਚ ਸਾਰੇ ਪਰਵਾਰ ਦਾ ਸਹਿਯੋਗ ਹੋਣ ਨਾਲ ਸੇਵਾ ਹੋਰ ਵੀ ਵਧੀਆ ਹੁੰਦੀ ਹੈ।

ਇਸ ਸਾਹਿਤ ਨੂੰ ਪ੍ਰਾਪਤ ਕਰਨ ਦਾ ਪਤਾ:

Khalsa School
5987, Prince Albert Street,
Vancouver, BC, V5W 3E2,
CANADA.
Tel: (604) 321 1226

*ਦਿਆਨਤਦਾਰੀ ਧਰਮ ਦਾ ਇਕ ਹੋਰ ਨਾਮ ਹੈ।*

*(ਕਿਰਪਾ ਕਰਕੇ ਇਸ ਸਾਹਿਤ ਨੂੰ ਸਤਿਕਾਰ ਨਾਲ ਰਖਣਾ ਜੀ।)*